# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।

ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, E Block, 5ਵੀ ਮੰਜ਼ਿਲ, ਫੇਜ਼-8, ਐਸ.ਏ.ਐਸ. ਨਗਰ

**Through Website**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ) ਪੰਜਾਬ
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ
ਸਮੂਹ ਸਕੂਲ ਮੁੱਖੀ

ਮੀਮੋ ਨੰ: ਐਸ.ਐਸ.ਏ/2017/ਐਡਮਨ/ਅਸਤੀਫਾ/ 10118
ਮਿਤੀ, ਐਸ.ਏ.ਐਸ ਨਗਰ 19.9.2017

**ਵਿਸ਼ਾ:** **ਸਰਵ ਸਿੱਖਿਆ ਅਭਿਆਨ/ਰਮਸਾ ਅਧੀਨ ਕੰਮ ਕਰਦੇ ਕਰਮਚਾਰੀਆਂ/ਅਧਿਆਪਕਾਂ ਨੂੰ ਸਿੱਖਿਆ ਵਿਭਾਗ ਦੇ ਹੋਰ ਵਿੰਗਾਂ ਵਿੱਚ ਨੌਕਰੀ ਮਿਲਣ ਤੇ ਨੋਟਿਸ ਦੇਣ ਜਾਂ ਨੋਟਿਸ ਦੇ ਇਵਜ ਵਿੱਚ ਤਨਖਾਹ ਜਮ੍ਹਾਂ ਕਰਵਾਉਣ ਤੋਂ ਛੋਟ ਦੇਣ ਬਾਰੇ।**

1. ਇਸ ਦਫ਼ਤਰ ਦੇ ਪੱਤਰ ਨੰ: ਐਸ.ਐਸ.ਏ/2011/ਐਡਮਨ/76351 ਮਿਤੀ, ਚੰਡੀਗੜ੍ਹ 24.06.11 ਅਤੇ ਪੱਤਰ ਨੰ: ਐਸ.ਐਸ.ਏ/2016/ਐਡਮਨ/ਅਸਤੀਫਾ/15744 ਮਿਤੀ ਐਸ.ਏ.ਐਸ ਨਗਰ 3.11.2016 ਦੀ ਲਗਾਤਾਰਤਾ ਵਿੱਚ।

2. ਵਿਸ਼ਾ ਅੰਕਿਤ ਕੇਸ ਵਿੱਚ ਮਿਤੀ 24.06.2011 ਨੂੰ ਜਾਰੀ ਹੁਕਮਾਂ ਅਨੁਸਾਰ ਸਰਵ ਸਿੱਖਿਆ ਅਭਿਆਨ/ਰਮਸਾ ਤਹਿਤ ਕੰਮ ਕਰ ਰਹੇ ਕਰਮਚਾਰੀਆਂ/ਅਧਿਆਪਕਾਂ ਦੀ ਨਿਯੁਕਤ ਸਿੱਖਿਆ ਵਿਭਾਗ ਦੇ ਹੋਰ ਵਿੰਗਾਂ ਵਿੱਚ ਹੋਣ ਤੇ, ਉਨਾਂ ਨੂੰ ਨਿਯੁਕਤੀ ਪੱਤਰ ਦੀ ਸ਼ਰਤ ਅਨੁਸਾਰ ਨੋਟਿਸ ਦੇਣ ਜਾਂ ਨੋਟਿਸ ਦੇ ਇਵਜ਼ ਵਿੱਚ ਤਨਖਾਹ ਜਮ੍ਹਾਂ ਕਰਵਾਉਣ ਦੀ ਛੋਟ ਦਿੱਤੀ ਗਈ ਸੀ ਅਤੇ ਉਪਰੰਤ ਮਿਤੀ 24.06.2011 ਨੂੰ ਜਾਰੀ ਇਹ ਹੁਕਮ ਮਿਤੀ 3.11.2016 ਨੂੰ ਜਾਰੀ ਪੱਤਰ ਅਨੁਸਾਰ ਵਾਪਸ ਲੈ ਲਏ ਗਏ ਸਨ।

3. ਇਸ ਕੇਸ ਨੂੰ ਮੁੜ ਵਿਚਾਰਨ ਉਪਰੰਤ ਫੈਸਲਾ ਲਿਆ ਗਿਆ ਹੈ ਕਿ ਸਰਵ ਸਿੱਖਿਆ ਅਭਿਆਨ/ਰਮਸਾ ਤਹਿਤ ਕੰਮ ਕਰ ਰਹੇ ਕਰਮਚਾਰੀਆਂ/ਅਧਿਆਪਕਾਂ ਨੂੰ ਸਿੱਖਿਆ ਵਿਭਾਗ ਦੇ ਹੋਰ ਵਿੰਗਾਂ ਵਿੱਚ ਨੌਕਰੀ ਮਿਲਣ ਤੇ, ਨਿਯੁਕਤੀ ਪੱਤਰ ਦੀ ਸ਼ਰਤ ਅਨੁਸਾਰ ਨੋਟਿਸ ਦੇਣ ਜਾਂ ਨੋਟਿਸ ਦੇ ਇਵਜ਼ ਵਿੱਚ ਤਨਖਾਹ ਜਮ੍ਹਾਂ ਕਰਵਾਉਣ ਤੋਂ ਛੋਟ ਦਿੱਤੀ ਜਾਵੇ।

**ਮਿਤੀ: 19.09.17**

**ਪ੍ਰਸ਼ਾਂਤ ਕੁਮਾਰ ਗੋਇੰਲ, ਆਈ.ਏ.ਐਸ**
**ਡਾਇਰੈਕਟਰ ਜਨਰਲ ਸਿੱਖਿਆ ਸਿੱਖਿਆ**
**-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**

ਪਿਠ ਅੰਕਣ ਨੰ: ਐਸ.ਐਸ.ਏ/2017/ਐਡਮਨ/ਅਸਤੀਫਾ/ /0118 ਮਿਤੀ: 19.9.2017

ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਦਾ ਹੈ:-

1. ਸਬੰਧਤ ਡਿਪਟੀ ਐਸ.ਪੀ.ਡੀ (ਐਸ.ਐਸ.ਏ/ਰਮਸਾ)
2. ਸਹਾਇਕ ਪ੍ਰੋਜੈਕਟ ਕੋਆਰਡੀਨੇਟਰ (ਵਿੱਤ), ਜਿਲ੍ਹਾ ਦਫ਼ਤਰ।
3. ਵਿੱਤ ਸ਼ਾਖਾ ਐਸ.ਐਸ.ਏ/ਰਮਸਾ।
4. ਡੀ.ਐਮ. (ਐਮ.ਆਈ.ਐਸ)।
5. ਪੀ.ਏ.ਟੂ ਡੀ.ਜੀ.ਐਸ.ਈ, ਪੰਜਾਬ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**

19.9.17